# ਕਾਨੂੰਨੀ ਮਾਮਲਿਆਂ ਬਾਰੇ ਬਾਰ ਬਾਰ ਪੁੱਛੇ ਜਾਣ ਵਾਲੇ ਪ੍ਰਸ਼ਨ
# Frequently asked questions about legal matters

ਇਹ ਜਾਣਕਾਰੀ *ਇੰਗਲੈਂਡ ਅਤੇ ਵੇਲਜ਼* ਵਿਚ ਲਾਗੂ ਹੁੰਦੀ ਹੈ

ਜੇ ਮੇਰੇ ਵੱਲ ਨਿਕਲਦੇ ਕੋਈ ਪੈਸੇ ਮੈਂ ਲੈਣੇ ਹੋਣ ਤਾਂ ਕੀ ਮੈਂ ਇਸ ਕੇਸ ਨੂੰ ਕੋਰਟ ਵਿਚ ਲੈ ਕੇ ਜਾਣ ਦੇ ਜ਼ਰੀਏ ਲੈ ਸਕਦਾ/ਦੀ ਹਾਂ? 2

ਮੈਨੂੰ ਇਕ ਵਕੀਲ ਦੀ ਲੋੜ ਹੈ ਪਰ ਮੇਰੇ ਕੋਲ ਇੰਨੇ ਪੈਸੇ ਨਹੀਂ ਹਨ, ਮੈਂ ਕੀ ਕਰ ਸਕਦਾ/ਦੀ ਹਾਂ? 3

ਮੇਰੀ ਪਾਰਟਨਰ ਨੂੰ ਜੇਲ੍ਹ ਹੋ ਗਈ ਹੈ - ਮੈਨੂੰ ਆਪਣੇ ਅਤੇ ਉਸ ਵਾਸਤੇ ਸਲਾਹ ਅਤੇ ਜਾਣਕਾਰੀ ਕਿੱਥੋਂ ਮਿਲ ਸਕਦੀ ਹੈ? 5

ਮੈਨੂੰ ਜੂਅਰੀ ਸਰਵਿਸ ਤੇ ਜਾਣ ਲਈ ਬੁਲਾਇਆ ਗਿਆ ਹੈ ਪਰ ਮੈਂ ਪਹਿਲਾਂ ਹੀ ਉਸ ਵਕਤ ਲਈ ਛੁੱਟੀਆਂ ਬੁੱਕ ਕਰ ਚੁੱਕਿਆ ਹਾਂ। ਮੈਂ ਕੀ ਕਰ ਸਕਦਾ ਹਾਂ? 6

ਮੈਂ ਕੰਮ ਤੇ ਬਹੁਤ ਹੀ ਮਸਰੂਫ਼ ਜਾਂ ਵਿਅਸਤ (ਬਿਜ਼ੀ) ਹਾਂ - ਕੀ ਮੈਨੂੰ ਜੂਅਰੀ ਸਰਵਿਸ ਤੇ ਜਾਣਾ ਪਵੇਗਾ? 7

ਮੈਨੂੰ ਜੂਅਰੀ ਸਰਵਿਸ ਤੇ ਜਾਣ ਲਈ ਬੁਲਾਇਆ ਗਿਆ ਹੈ। ਅਤੀਤ ਵਿਚ ਮੈਨੂੰ ਡਰਾਇਵਿੰਗ ਵਿਚ ਕੀਤੇ ਗਏ ਅਪਰਾਧ ਲਈ ਕਸੂਰਵਾਰ ਠਹਿਰਾਇਆ ਗਿਆ ਸੀ। ਕੀ ਉਸ ਦਾ ਅਸਰ ਮੇਰੇ ਜੂਅਰੀ ਸਰਵਿਸ ਕਰਨੇ ਉੱਤੇ ਪਵੇਗਾ। 8

Copyright © 2002-2007 Citizens Advice All rights reserved
Registered charity no: 279057 Company no: 1436945 England

## ਜੇ ਮੇਰੇ ਵੱਲ ਨਿਕਲਦੇ ਕੋਈ ਪੈਸੇ ਮੈਂ ਲੈਣੇ ਹੋਣ ਤਾਂ ਕੀ ਮੈਂ ਇਸ ਕੇਸ ਨੂੰ ਕੋਰਟ ਵਿਚ ਲੈ ਕੇ ਜਾਣ ਦੇ ਜ਼ਰੀਏ ਲੈ ਸਕਦਾ/ਦੀ ਹਾਂ ?

ਜੇ ਤੁਹਾਡਾ ਕੇਸ ਸਿੱਧਾ-ਸਾਧਾ ਹੈ ਅਤੇ ਲੈਣ ਵਾਲੀ ਰਕਮ £5000 ਤੋਂ ਘੱਟ ਹੈ ਅਤੇ ਕੇਸ ਦੀ ਪੈਰਵੀ ਕੀਤੀ ਜਾ ਰਹੀ ਹੈ ਤਾਂ ਹੋ ਸਕਦਾ ਹੈ ਕਿ ਕੋਰਟ ਸਮੌਲ ਕਲੇਮਸ ਪ੍ਰੋਸੀਜਰ (ਛੋਟੇ ਦਾਅਵਿਆਂ ਦੀ ਕਾਰਵਾਈ) ਵਰਤਣ ਦਾ ਫੈਸਲਾ ਕਰੇ। ਇਨ੍ਹਾਂ ਵਿਚੋਂ ਬਹੁਤ ਸਾਰੇ ਕਲੇਮ ਮਾੜੀਆਂ ਸੇਵੇਵਾਂ ਲਈ ਹਰਜਾਨੇ, ਨਿਕੱਮੀਆਂ ਚੀਜ਼ਾਂ ਲਈ ਹਰਜਾਨੇ, ਕੰਮਦਾਤਿਆਂ ਵਲੋਂ ਨੋਟਿਸ ਨਾ ਦਿੱਤੇ ਜਾਣ ਦੀ ਥਾਂ ਨਾ ਮਿਲੀਆਂ ਤਨਖ਼ਾਹਾਂ ਦੇ ਝਗੜਿਆਂ ਬਾਰੇ ਹੁੰਦੇ ਹਨ। ਇਹ ਕੁੱਝ ਇਕ ਉਦਾਹਰਣਾਂ ਹੀ ਹਨ ਪਰ ਸਮੌਲ ਕਲੇਮਸ ਦਾ ਢੰਗ ਹੋਰ ਦਾਅਵਿਆਂ ਲਈ ਵੀ ਵਰਤਿਆ ਜਾ ਸਕਦਾ ਹੈ।

ਹੋ ਸਕਦਾ ਹੈ ਕਿ ਤੁਹਾਨੂੰ ਆਪਣਾ ਕੇਸ ਤਿਆਰ ਕਰਨ ਲਈ ਕਾਨੂੰਨੀ ਸਹਾਇਤਾ ਕਰਨ ਦੀ ਸਕੀਮ ਰਾਹੀਂ ਮਦਦ ਮਿਲ ਸਕਦੀ ਹੋਵੇ, ਪਰ ਕੋਰਟ ਵਿਚ ਨੁਮਾਇੰਦਗੀ ਕਰਨ ਲਈ ਨਹੀਂ।

ਤੁਸੀਂ ਸ਼ਾਇਦ ਕੋਰਟ ਵਿਚ ਐਕਸ਼ਨ ਲੈਣ ਤੋਂ ਪਹਿਲੋਂ ਤੁਸੀਂ ਆਪਣੇ ਦਾਅਵੇ ਦਾ ਸਮਝੌਤਾ (ਹੱਲ) ਕਰਨ ਦਾ ਜਤਨ ਕੀਤਾ ਹੋਵੇ, ਉਦਾਹਰਣ ਲਈ ਜਿਸ ਵਿਅਕਤੀ ਤੋਂ ਤੁਸੀਂ ਪੈਸੇ ਲੈਣੇ ਹੋਣ ਤੁਹਾਨੂੰ ਉਸ ਵਿਅਕਤੀ ਨੂੰ ਚਿੱਠੀ ਲਿਖ਼ਣੀ ਚਾਹੀਦੀ ਹੈ। ਉਸ ਨੂੰ ਜਵਾਬ ਦੇਣ ਲਈ ਸਮਾਂ ਦਿੱਤਾ ਹੋਣਾ ਚਾਹੀਦਾ ਹੈ। ਤੁਹਾਨੂੰ ਸਾਰੇ ਚਿੱਠੀ ਪੱਤਰਾਂ ਦੀਆਂ ਨਕਲਾਂ ਰੱਖਣੀਆਂ ਚਾਹੀਦੀਆਂ ਹਨ।

ਤੁਸੀਂ ਇਕ ਕਲੇਮ ਫ਼ੌਰਮ ਭਰ ਕੇ ਉਸ ਦੀਆਂ ਦੋ ਨਕਲਾਂ ਕਰਕੇ ਕੋਰਟ ਵਿਚ ਦੇਣ ਅਤੇ ਇਕ ਆਪ ਰੱਖਣ ਨਾਲ ਸ਼ੁਰੂ ਕਰ ਸਕਦੇ ਹੋ। ਤੁਹਾਡੀ ਮਾਲੀ ਹਾਲਤ ਤੇ ਨਿਰਭਰ, ਤੁਹਾਨੂੰ ਸ਼ਾਇਦ ਕੋਰਟ ਦੀ ਫ਼ੀਸ ਵੀ ਦੇਣੀ ਨਾ ਪਵੇ। ਕੁੱਝ ਇਕ ਕੇਸਾਂ ਵਿਚ ਤੁਸੀਂ ਕੇਸ ਦੀ ਬੇਨਤੀ ਕੰਮਪਿਊਟਰ ’ਤੇ (ਔਨ ਲਾਈਨ) ਵੀ ਕਰ ਸਕਦੇ ਹੋ।

ਜੇ ਇਸ ਦੀ ਸੁਣਵਾਈ ਹੋਈ ਤਾਂ ਆਮ ਤੌਰ ’ਤੇ ਇਹ ਗੈਰਰਸਮੀ ਹੁੰਦੀ ਹੈ ਅਤੇ ਤੁਸੀਂ ਤੇ ਦੂਜੀ ਪਾਰਟੀ ਦਾਅਵਾ ਕਰਨ ਦੇ ਆਪਣੇ ਆਪਣੇ ਕਾਰਨ ਦੇ ਸਕਦੇ ਹੋ ਅਤੇ ਦੱਸ ਸਕਦੇ ਹੋ ਕਿ ਇਹ ਦਾਅਵਾ ਕਿਉਂ ਸ਼ੁਰੂ ਕੀਤਾ ਗਿਆ ਹੈ ਅਤੇ ਇਸ ਝਗੜੇ ਦਾ ਕਾਰਨ ਕੀ ਹੈ। ਸੁਣਵਾਈ ਦੇ ਅੰਤ ਵਿਚ ਜੱਜ ਆਪਣਾ ਫੈਸਲਾ (ਜੱਜਮੈਂਟ) ਦੇਵੇਗਾ। ਜੇ ਤੁਸੀਂ ਜਿੱਤ ਜਾਂਦੇ ਹੋ, ਤਾਂ ਤੁਹਾਨੂੰ ਆਪਣੀ ਕੋਰਟ ਦੀ ਫ਼ੀਸ ਵਾਪਸ ਮਿਲ ਜਾਵੇਗੀ। ਜੇ ਤੁਸੀਂ ਫੈਸਲੇ ਦੇ ਖ਼ਿਲਾਫ਼ ਅਪੀਲ ਕਰਨਾ ਚਾਹੁੰਦੇ ਹੋ ਤਾਂ ਤੁਹਾਨੂੰ ਕਾਨੂੰਨੀ ਮੱਦਦ ਲੈਣੀ ਪਵੇਗੀ। ਇਹ ਤੁਹਾਨੂੰ ਲਾਜ਼ਮੀ ਹੀ ਬਹੁਤ ਜ਼ਰੂਰੀ ਤੌਰ ਤੇ ਕਰਨੀ ਪਵੇਗੀ ਕਿਉਂਕਿ ਤੁਹਾਡੇ ਕੋਲ ਫ਼ੈਸਲੇ ਦੀ ਤਾਰੀਕ ਤੋਂ ਲੈ ਕੇ ਅਪੀਲ ਕਰਨ ਲਈ

Copyright © 2002-2007 Citizens Advice All rights reserved
Registered charity no: 279057 Company no: 1436945 England

ਸਿਰਫ਼ 21 ਦਿਨ ਹੀ ਹੁੰਦੇ ਹਨ ਜਦ ਤੱਕ ਕਿ ਕੋਰਟ ਨੇ ਕੋਈ ਅਲੱਗ ਤਾਰੀਕ ਨਾ ਮੁੱਕਰਰ ਕੀਤੀ ਹੋਵੇ।

ਕੋਰਟ ਵਿਚ ਜਾਣ ਦੇ ਬਦਲੇ ਤੁਸੀਂ ਸਮਝੌਤਾ ਕਰਾਉਣ (ਮੀਡੀਏਸ਼ਨ) ਵਿਚ ਹਿੱਸਾ ਲੈ ਸਕਦੇ ਹੋ। ਇਸ ਲਈ ਖਰਚਾ ਦੇਣਾ ਪਵੇਗਾ, ਜੋ ਤੁਹਾਡੇ ਕਲੇਮ ਦੇ ਸਾਈਜ਼ ਤੇ ਨਿਰਭਰ ਕਰੇਗਾ, ਜਿਸ ਵਿਚ ਝਗੜੇ ਵਿਚ ਸ਼ਾਮਿਲ ਦੋਵੇਂ ਪਾਰਟੀਆਂ ਨੂੰ ਇਹ ਖਰਚਾ ਮਿਲ ਕੇ ਦੇਣਾ ਪਵੇਗਾ। ਤੁਹਾਨੂੰ ਸਥਾਨਕ ਤੌਰ ਤੇ ਇੱਕ ਸਮਝੌਤਾ ਕਰਾਉਂਣ ਵਾਲਾ (ਮੀਡੀਏਟਰ) ਮਿਨਿਸਟਰੀ ਔਫ਼ ਜਸਟਿਸ ਦੀ ਇਸ ਵੈਬਸਾਈਟ ਤੋਂ ਮਿਲ ਸਕਦਾ ਹੈ www.justice.gov.uk [http://www.civilmedition.justice.gov.uk]

## ਮੈਨੂੰ ਇਕ ਵਕੀਲ ਦੀ ਲੋੜ ਹੈ ਪਰ ਮੇਰੇ ਕੋਲ ਬਹੁਤ ਸਾਰੇ ਪੈਸੇ ਨਹੀਂ ਹਨ, ਮੈਂ ਕੀ ਕਰ ਸਕਦਾ/ਦੀ ਹਾਂ ?

ਕੇਵਲ ਵਕੀਲ ਹੀ ਤੁਹਾਨੂੰ ਕਾਨੂੰਨੀ ਸਲਾਹ ਨਹੀਂ ਦੇ ਸਕਦੇ ਹਨ। ਇਕ ਅਕਾਉਂਟੈਂਟ ਜੋ ਟੈਕਸ ਅਤੇ ਵਪਾਰਕ ਕਾਨੂੰਨ (ਕੰਪਨੀ ਲੌਂ) 'ਤੇ ਸਲਾਹ ਦੇ ਸਕਣ ਵਾਲੇ ਬੰਦੇ ਵਰਗੇ ਹੋਰ ਪੇਸ਼ਾਵਰਾਂ ਵਲੋਂ ਵੀ ਤੁਹਾਨੂੰ ਕਾਨੂੰਨੀ ਮਦਦ ਮਿਲ ਸਕਦੀ ਹੈ। ਕਾਨੂੰਨੀ ਸਲਾਹ ਸੀਟੀਜ਼ਨ ਐਡਵਾਈਜ਼ ਬਿਉਰੋ, ਹਾਉਜ਼ਿੰਗ ਐਡਵਾਈਜ਼ ਸੈਂਟਰ, ਮਨੀ ਐਡਵਾਈਜ਼ ਸੈਂਟਰ, ਲੌਂ ਸੈਂਟਰ ਵਰਗੇ ਐਡਵਾਈਜ਼ (ਸਲਾਹ) ਦੇਣ ਵਾਲੇ ਸੈਂਟਰਜ਼ ਅਤੇ ਟਰੇਡ ਯੂਨੀਅਨਜ਼ ਅਤੇ ਮੋਟਰਿੰਗ (ਗੱਡੀਆਂ ਲਈ) ਸੰਸਥਾਵਾਂ ਤੋਂ ਵੀ ਲਈ ਜਾ ਸਕਦੀ ਹੈ। ਤੁਸੀਂ ਕੋਰਟ ਦੀ ਕਾਰਵਾਈ ਵਿਚ ਆਪਣੀ ਵਕਾਲਤ ਆਪ ਵੀ ਕਰ ਸਕਦੇ ਹੋ ਜਾਂ ਤੁਹਾਡਾ ਕੋਈ ਮਿੱਤਰ ਜਾਂ ਤੁਹਾਡਾ ਪ੍ਰਤੀਨਿਧੀ ਜੋ ਵਕੀਲ ਨਹੀਂ ਹੈ, ਵੀ ਕੋਰਟ ਵਿਚ ਤੁਹਾਡੀ ਵਕਾਲਤ ਕਰ ਸਕਦਾ ਹੈ। ਜੇ ਤੁਸੀਂ ਸੋਚਦੇ ਹੋ ਕਿ ਤੁਹਾਨੂੰ ਇਕ ਵਕੀਲ ਦੀ ਲੋੜ ਹੈ, ਤਾਂ ਤੁਹਾਨੂੰ ਉਸ ਬਾਰੇ ਢੁੱਕਵੇਂ ਖੇਤਰ ਵਿਚ ਤਜਰਬੇਕਾਰ ਵਕੀਲ ਕੋਲ, ਉਦਾਹਰਣ ਲਈ ਜੇ ਤੁਸੀਂ ਆਪਣੇ ਬੱਚਿਆਂ ਨੂੰ ਆਪਣੇ ਕੋਲ ਰੱਖਣ (ਕਸਟੱਡੀ) ਲਈ ਜਾਚਨਾ ਕਰ ਰਹੇ ਹੋ, ਤਾਂ ਤੁਹਾਨੂੰ ਇਕ (ਫ਼ੈਮਿਲੀ ਲੌਂ) ਪਰਵਾਰਕ ਕਾਨੂੰਨ ਵਿਚ ਮਾਹਰ ਵਕੀਲ ਕੋਲ ਜਾਣਾ ਚਾਹੀਦਾ ਹੈ।

ਜੇ ਤੁਹਾਨੂੰ ਕਾਨੂੰਨੀ ਖ਼ਰਚ (ਲੀਗਲ ਕੌਸਟਸ) ਵਿਚ ਮਦਦ ਚਾਹੀਦੀ ਹੈ, ਤਾਂ ਹੋ ਸਕਦਾ ਹੈ ਕਿ ਤੁਹਾਨੂੰ ਲੀਗਲ ਹੈਲਪ ਸਕੀਮ ਰਾਹੀਂ ਮਦਦ ਮਿਲ ਸਕਦੀ ਹੋਵੇ। ਇਹ ਸਕੀਮ ਘੱਟ ਆਮਦਨ ਵਾਲੇ ਲੋਕਾਂ ਨੂੰ ਹਰ ਤਰ੍ਹਾਂ ਦੀਆਂ ਕਾਨੂੰਨੀ ਸਮੱਸਿਆਵਾਂ ਲਈ ਮੁਫ਼ਤ ਕਾਨੂੰਨੀ ਸਲਾਹ ਲੈਣ, ਚਿੱਠੀਆਂ ਲਿਖਣ, ਸੌਦਾ ਕਰਨ (ਨਿਗੋਸੀਏਸ਼ਨ), ਇਕ ਬੈਰਿਸਟਰ ਕੋਲੋਂ ਸਲਾਹ ਲੈਣ ਅਤੇ ਟ੍ਰਾਈਬਯੂਨਲ ਦੇ ਸਾਮ੍ਹਣੇ ਇਕ ਲਿਖ਼ਤੀ ਕੇਸ ਪੇਸ਼ ਕਰਨ ਲਈ ਤਿਆਰ ਕਰਨ ਲਈ ਮਦਦ ਕਰ

Copyright © 2002-2007 Citizens Advice All rights reserved
Registered charity no: 279057 Company no: 1436945 England

ਸਕਦੀ ਹੈ। ਇਹ ਸਕੀਮ ਤੁਹਾਡਾ ਕੇਸ ਕੋਰਟ ਵਿਚ ਲਿਜਾਣ ਲਈ ਇਕ ਵਕੀਲ ਦੀ ਫ਼ੀਸ ਨਹੀਂ ਭਰੇਗੀ ਪਰ ਹੋਰ ਦੂਜੀਆਂ ਸਕੀਮਾਂ ਹਨ ਜੋ ਸੀਮਤ ਹਾਲਤਾਂ ਵਿਚ ਮਦਦ ਕਰ ਸਕਦੀਆਂ ਹਨ।

ਜੇ ਤੁਸੀਂ ਸੋਚਦੇ ਹੋ ਕਿ ਤੁਸੀਂ ਲੀਗਲ ਹੈਲਪ ਸਕੀਮ ਤੋਂ ਮਦਦ ਲੈਣ ਦੇ ਪਾਤਰ ਹੋ, ਤਾਂ ਤੁਹਾਨੂੰ ਸਿਟੀਜ਼ਨ ਐਡਵਾਈਜ਼ ਸੈਂਟਰ ਜਾਂ ਲੌ ਸੈਂਟਰ ਵਰਗੀ ਇਕ ਇਹੋ ਜਿਹੀ ਸੰਸਥਾ ਜਾਂ ਵਕੀਲ ਕੋਲ ਜਾਣਾ ਚਾਹੀਦਾ ਹੈ ਜਿਸ ਕੋਲ ਲੀਗਲ ਹੈਲਪ ਸਕੀਮ ਦੇ ਮੁਤਾਬਿਕ ਕਾਨੂੰਨੀ ਸਹਾਇਤਾ ਕਰ ਸਕਣ ਦਾ ਠੇਕਾ ਹੋਵੇ। ਇੰਟਰਵਿਊ ਸ਼ੁਰੂ ਕਰਨ ਵੇਲੇ ਇਹ ਦੇਖਣ ਲਈ ਕਿ ਤੁਸੀਂ ਮਦਦ ਲੈਣ ਦੇ ਪਾਤਰ ਹੋ ਜਾਂ ਨਹੀਂ, ਤੁਹਾਨੂੰ ਇਕ ਬੇਨਤੀ ਪੱਤਰ (ਐਪਲੀਕੇਸ਼ਨ ਫ਼ੌਰਮ) ਭਰਨ ਲਈ ਕਿਹਾ ਜਾਵੇਗਾ।

ਘੱਟ ਕੀਮਤ 'ਤੇ ਕਾਨੂੰਨੀ ਮਦਦ ਲੈਣ ਦੇ ਹੋਰ ਢੰਗ ਵੀ ਹਨ। ਇਨ੍ਹਾਂ ਵਿਚ ਵਕੀਲਾਂ ਨਾਲ ਇਕ ਮਿੱਥੀ ਫ਼ੀਸ 'ਤੇ ਇੰਟਰਵਿਊ ਕਰਨਾ ਸ਼ਾਮਲ ਹੈ। ਟਰੇਡ ਯੂਨੀਅਨਜ਼ ਨੌਕਰੀਆਂ ਬਾਰੇ ਹੋਣ ਵਾਲੀਆਂ ਸਮੱਸਿਆਵਾਂ ਵਿਚ ਮਦਦ ਕਰ ਸਕਦੀਆਂ ਹਨ ਅਤੇ ਮੋਟਰਿੰਗ ਸੰਸਥਾਵਾਂ ਇਕ ਕਾਰ ਖ਼ਰੀਦਣ ਤੋਂ ਲੈ ਕੇ ਉਸ ਦੀ ਇਨਸ਼ੋਰੰਸ ਕਰਨ ਤਕ ਦੇ ਬਹੁਤ ਸਾਰੇ ਮਾਮਲਿਆਂ ਵਿਚ ਸਹਾਇਤਾ ਕਰ ਸਕਦੀਆਂ ਹਨ।

ਜੇ ਤੁਸੀਂ ਕਿਸੇ ਪੁਲੀਸ ਸਟੇਸ਼ਨ ਵਿਚ ਹੋ ਜਾਂ ਤੁਹਾਡੇ 'ਤੇ ਜੇਲ੍ਹ ਹੋ ਸਕਣ ਵਾਲੇ ਅਪਰਾਧ ਦਾ ਦੋਸ਼ ਲੱਗਾ ਹੈ, ਤਾਂ ਤੁਹਾਨੂੰ ਡਿਊਟੀ ਸੋਲਿੱਸੀਟਰ ਦੀ ਸਕੀਮ ਹੇਠ ਮੁਫ਼ਤ ਕਾਨੂੰਨੀ ਸਲਾਹ ਮਿਲ ਸਕਦੀ ਹੈ।

Copyright © 2002-2007 Citizens Advice All rights reserved
Registered charity no: 279057 Company no: 1436945 England

## ਮੇਰੀ ਪਾਰਟਨਰ ਨੂੰ ਜੇਲ੍ਹ ਹੋ ਗਈ ਹੈ - ਮੈਨੂੰ ਆਪਣੇ ਅਤੇ ਉਸ ਵਾਸਤੇ ਸਲਾਹ ਅਤੇ ਜਾਣਕਾਰੀ ਕਿੱਥੋਂ ਮਿਲ ਸਕਦੀ ਹੈ ?

ਜੇ ਤੁਹਾਡੀ ਪਾਰਟਨਰ, ਉਸ ਨੂੰ ਮਿਲੀ ਸਜ਼ਾ ਦੇ ਖ਼ਿਲਾਫ਼ ਅਪੀਲ ਕਰਨਾ ਚਾਹੁੰਦੀ ਹੈ ਜਾਂ ਕੋਈ ਵੀ ਹੋਰ ਕਾਨੂੰਨੀ ਮਦਦ ਲੈਣੀ ਚਾਹੰਦੀ ਹੈ, ਤਾਂ ਉਸ ਨੂੰ ਉਸੇ ਵਕੀਲ ਨਾਲ ਸੰਪਰਕ ਕਰਨਾ ਚਾਹੀਦਾ ਹੈ, ਜਿਸ ਨੇ ਉਸ ਦੇ ਜੇਲ੍ਹ ਜਾਣ ਤੋਂ ਪਹਿਲਾਂ ਉਸ ਨਾਲ ਕੰਮ ਕੀਤਾ ਸੀ। ਜੇ ਤੁਹਾਡੀ ਪਾਰਟਨਰ ਦਾ ਕੋਈ ਵਕੀਲ ਨਹੀਂ ਹੈ ਤਾਂ ਉਸ ਨੂੰ ਲਿਸਟ ਵਿਚ ਦਿੱਤੀਆਂ ਸੰਸਥਾਵਾਂ ਵਿਚੋਂ ਕਿਸੇ ਇਕ ਨਾਲ ਸੰਪਰਕ ਕਰਨਾ ਚਾਹੀਦਾ ਹੈ – ਹੇਠਾਂ ਦੇਖੋ।

ਜੇਲ੍ਹ ਵਿਚ ਮੁਲਾਕਾਤ ਕੌਣ ਕਰ ਸਕਦਾ ਹੈ ਅਤੇ ਕਿੰਨੀ ਵਾਰ ਕਰ ਸਕਦਾ ਹੈ, ਬਾਰੇ ਅਸੂਲ ਹਨ। ਜੇ ਤੁਹਾਡੀ ਪਾਰਟਨਰ ਨੂੰ ਰਿਮਾਂਡ (ਕੇਸ ਚੱਲਣ ਤਕ) ਅੰਦਰ ਰੱਖਿਆ ਗਿਆ ਹੈ, ਤਾਂ ਮੁਲਾਕਾਤ ਕਰਨ ਦੇ ਅਸੂਲ ਇੰਨੇ ਸਖ਼ਤ ਨਹੀਂ ਹਨ ਪਰ ਫਿਰ ਵੀ ਫ਼ੋਨ ਕਰ ਕੇ ਮੁਲਾਕਾਤ ਦਾ ਸਮਾਂ ਮਿੱਥਣ ਦੀ ਲੋੜ ਹੁੰਦੀ ਹੈ। ਜੇ ਤੁਹਾਡੀ ਪਾਰਟਨਰ ਨੂੰ ਜੇਲ੍ਹ ਹੋ ਜਾਂਦੀ ਹੈ, ਤਾਂ ਮੁਲਾਕਾਤ ਕਰਨ ਲਈ ਇਜਾਜ਼ਤ (ਵਿਜ਼ਿਟਿੰਗ ਔਰਡਰ) ਲੈਣ ਲਈ ਬੇਨਤੀ ਕਰਨ ਦੀ ਲੋੜ ਹੁੰਦੀ ਹੈ। ਜੇ ਤੁਹਾਡਾ ਪਾਰਟਨਰ ਜੇਲ੍ਹ ਦੇ ਵਿਚਲੀ ਹਾਲਤ ਬਾਰੇ ਸ਼ਿਕਾਇਤ ਕਰਨਾ ਚਾਹੁੰਦਾ ਹੋਵੇ ਤਾਂ ਇਸ ਵਾਸਤੇ ਮਿੱਥੇ ਢੰਗ-ਤਰੀਕੇ ਹਨ। ਹੋ ਸਕਦਾ ਹੈ ਕਿ ਤੁਸੀਂ ਮਦਦ ਕਰ ਸਕਦੇ ਹੋਵੋ – ਹੇਠਾਂ ਦੇਖੋ।

ਹੋ ਸਕਦਾ ਹੈ ਕਿ ਤੁਸੀਂ ਜਾਂ ਤੁਹਾਡਾ ਪਾਰਟਨਰ ਬੈਨਿਫ਼ਿਟ ਅਤੇ ਹਾਊਜ਼ਿੰਗ ਬਾਰੇ ਸਮੱਸਿਆਵਾਂ, ਬੱਚਿਆਂ ਨਾਲ ਸਬੰਧਤ ਮਾਮਲੇ ਜਾਂ ਕਰਜ਼ੇ ਦੀਆਂ ਸਮੱਸਿਆਵਾਂ ਹੱਲ ਕਰਨ ਵਿਚ ਮਦਦ ਭਾਲਦੇ ਹੋਵੋ। ਕੁੱਝ ਇਕ ਸੰਸਥਾਵਾਂ ਹਨ ਜੋ ਇਨ੍ਹਾਂ ਅਤੇ ਹੋਰ ਮਾਮਲਿਆਂ ਵਿਚ ਮਦਦ ਕਰ ਸਕਦੀਆਂ ਹਨ– ਹੇਠਾਂ ਦੇਖੋ।

Copyright © 2002-2007 Citizens Advice All rights reserved
Registered charity no: 279057 Company no: 1436945 England

## ਮੈਨੂੰ ਜੂਅਰੀ ਸਰਵਿਸ ਤੇ ਜਾਣ ਲਈ ਬੁਲਾਇਆ ਗਿਆ ਹੈ, ਪਰ ਮੈਂ ਪਹਿਲਾਂ ਹੀ ਉਸ ਵਕਤ ਲਈ ਛੁੱਟੀਆਂ ਬੁੱਕ ਕਰ ਚੁੱਕਿਆ ਹਾਂ। ਮੈਂ ਕੀ ਕਰ ਸਕਦਾ ਹਾਂ ?

ਜੇ ਤੁਹਾਡਾ ਕੋਈ ਜ਼ਰੂਰੀ ਪਰਿਵਾਰਕ ਸਮਾਗਮ ਹੈ ਜੋ ਪਹਿਲਾਂ ਤੋਂ ਹੀ ਬੁੱਕ ਕੀਤਾ ਜਾ ਚੁੱਕਿਆ ਹੈ, ਜਿਵੇਂ ਕਿ ਕੋਈ ਛੁੱਟੀ ਜੋ ਕਿ ਪਹਿਲਾਂ ਹੀ ਬੁੱਕ ਕੀਤੀ ਗਈ ਹੈ ਅਤੇ ਉਸ ਲਈ ਪੈਸੇ ਵੀ ਭਰੇ ਗਏ ਹਨ ਤਾਂ ਤੁਸੀਂ ਆਪਣੀ ਜੂਅਰੀ ਸਰਵਿਸ ਮੁਲਤਵੀ ਕਰਨ ਲਈ ਕਹਿ ਸਕਦੇ ਹੋ। ਹਸਪਤਾਲ ਦੀ ਅਪੌਇੰਟਮੈਂਟ ਜਿਸ ਦੀ ਤੁਹਾਨੂੰ ਬੜੇ ਲੰਮੇ ਸਮੇਂ ਤੋਂ ਉਡੀਕ ਸੀ, ਕਿਸੇ ਔਪਰੇਸ਼ਨ ਤੋਂ ਬਾਅਦ ਠੀਕ ਹੋਣ ਲਈ ਵਕਤ ਜਾਂ ਪਰਿਵਾਰ ਵਿਚ ਕਿਸੇ ਸ਼ਾਦੀ ਦੇ ਕਾਰਣ ਵੀ ਜੂਅਰੀ ਸਰਵਿਸ ਮੁਲਤਵੀ ਕਰਨ ਲਈ ਕਹਿ ਸਕਦੇ ਹੋ। ਇਹਨਾਂ ਕਾਰਣਾ ਕਰਕੇ ਸਰਵਿਸ ਮੁਲਤਵੀ ਕਰਨ ਨੂੰ ਡਿਫ਼ਰਲ ਔਫ਼ ਜੂਅਰੀ ਸਰਵਿਸ, ਜਿਸ ਦਾ ਮਤਲਬ ਕਿ ਤਾਰੀਖ਼ ਅਗੇ ਕਰ ਦੇਣੀ ਕਿਹਾ ਜਾਂਦਾ ਹੈ।

ਜਦੋਂ ਤੁਹਾਨੂੰ ਜੂਅਰੀ ਸਰਵਿਸ ਲਈ ਬੁਲਾਇਆ ਜਾਂਦਾ ਹੈ ਤਾਂ ਸ਼ਾਇਦ ਉਸ ਵੇਲੇ ਤੁਹਾਡੀ ਛੁੱਟੀ (ਹੌਲੀਡੇ) ਤੁਹਾਨੂੰ ਜੂਅਰੀ ਸਰਵਿਸ ਕਰਨ ਤੋਂ ਰੋਕ ਸਕਦੀ ਹੈ, ਪਰ ਤੁਸੀਂ ਅਗਾਂਹ ਦੀ ਤਾਰੀਖ਼ ਤੇ ਆਉਣ ਤੋਂ ਨਹੀਂ ਬਚ ਸਕਦੇ। ਜੇ ਤੁਹਾਡੀ ਜੂਅਰੀ ਸਰਵਿਸ ਦੀ ਤਾਰੀਖ਼ ਅਗੇ ਕੀਤੀ ਜਾਂਦੀ ਹੈ ਤਾਂ ਤੁਹਾਨੂੰ ਸਾਲ ਵਿਚ ਉਹਨਾਂ ਤਾਰੀਖ਼ਾਂ ਦੀ ਤਸਦੀਕ ਕਰਨ ਲਈ ਕਿਹਾ ਜਾਵੇਗਾ, ਜਿਹਨਾਂ ਤੇ ਤੁਸੀਂ ਹਾਜ਼ਰ ਨਹੀਂ ਹੋ ਸਕੋਗੇ ਤਾਂ ਕਿ ਤੁਹਾਨੂੰ ਇੱਕ ਨਵੀਂ ਤਾਰੀਖ਼ ਦਿੱਤੀ ਜਾ ਸਕੇ ਜੋ ਤੁਹਾਡੇ ਲਈ ਮੁਨਾਸਿਬ ਹੋਵੇ। ਜੂਅਰੀ ਸਰਵਿਸ ਸਿਰਫ਼ ਇੱਕ ਵਾਰੀ ਮੁਲਤਵੀ ਕੀਤੀ ਜਾ ਸਕਦੀ ਹੈ।

ਤੁਸੀਂ ਜੂਅਰੀ ਸਰਵਿਸ ਦੀ ਤਾਰੀਖ਼ ਅਗੇ ਪਾਉਣ ਲਈ ਸਮਨਜ਼ ਫ਼ੌਰਮ ਵਿਚ ਦਿੱਤੇ ਗਏ ਸੈਕਸ਼ਨ ਨੂੰ ਭਰ ਕੇ ਅਰਜ਼ੀ ਦੇ ਸਕਦੇ ਹੋ, ਜਿਸ ਨੂੰ ਡਿਫ਼ਰਲ ਐਂਡ ਐਕਸਕਿਊਜ਼ਲ ਕਿਹਾ ਜਾਂਦਾ ਹੈ। ਜਦੋਂ ਇਹ ਫ਼ੌਰਮ ਸਵੀਕਾਰ ਕੀਤਾ ਜਾਂਦਾ ਹੈ ਤਾਂ ਤੁਹਾਨੂੰ ਸਰਵਿਸ ਦੀ ਤਾਰੀਖ਼ ਅਗੇ ਕਰਨ ਦੀ ਤਸਦੀਕ ਕਰਨ ਲਈ ਇੱਕ ਚਿਠੀ ਭੇਜੀ ਜਾਵੇਗੀ, ਜਿਸ ਵਿਚ ਤੁਹਾਨੂੰ ਜੂਅਰੀ ਸਰਵਿਸ ਲਈ ਇੱਕ ਨਵੀਂ ਤਾਰੀਖ਼ ਦਿੱਤੀ ਹੋਵੇਗੀ। ਤੁਸੀਂ ਦੋ ਵਾਰੀ ਤਾਰੀਖ਼ ਅਗੇ ਨਹੀਂ ਪਾ ਸਕਦੇ ਅਤੇ ਤੁਹਾਨੂੰ ਇਸ ਦੂਸਰੇ ਮੌਕੇ ਤੇ ਲਾਜ਼ਮੀ ਹੀ ਜਾਣਾ ਪਵੇਗਾ।

ਤੁਸੀਂ ਜੂਅਰੀ ਸਰਵਿਸ ਬਾਰੇ ਵਧੇਰੇ ਜਾਣਕਾਰੀ www.direct.gov.uk ਤੇ ਜਾ ਕੇ ਹਾਸਲ ਕਰ ਸਕਦੇ ਹੋ।
http://www.direct.gov.uk/en/CrimeJusticeAndTheLaw/JuryService/DG_072707

Copyright © 2002-2007 Citizens Advice All rights reserved
Registered charity no: 279057 Company no: 1436945 England

## ਮੈਂ ਕੰਮ ਤੇ ਬਹੁਤ ਹੀ ਮਸਰੂਫ਼ ਜਾਂ ਵਿਅਸਤ (ਬਿਜ਼ੀ) ਹਾਂ ਕੀ ਮੈਨੂੰ ਜੂਅਰੀ ਸਰਵਿਸ ਕਰਨੀ ਪਵੇਗੀ ?

ਕੰਮ ਦੀਆਂ ਜ਼ਿੰਮੇਵਾਰੀਆਂ ਵੀ ਬਹੁਤ ਜ਼ਰੂਰੀ ਹੋ ਸਕਦੀਆਂ ਹਨ ਅਤੇ ਉਹਨਾਂ ਨੂੰ ਤੋੜਨਾ ਬਹੁਤ ਮੁਸ਼ਕਿਲ ਹੁੰਦਾ ਹੈ। ਕੰਮ ਤੇ ਮਸਰੂਫ਼ ਹੋਣ ਦੇ ਕਾਰਣ ਇਹ ਬਹਾਨਾ ਬਣਾਉਣਾ ਕਾਫ਼ੀ ਨਹੀਂ ਹੋਵੇਗਾ ਕਿ ਤੁਸੀਂ ਜੂਅਰੀ ਸਰਵਿਸ ਤੇ ਨਹੀਂ ਜਾ ਸਕਦੇ, ਪਰ ਤੁਸੀਂ ਆਪਣੀ ਸਰਵਿਸ ਅਗਲੀ ਤਾਰੀਖ਼ ਤੱਕ ਬਰਖ਼ਾਸਤ ਕਰਨ ਲਈ ਕਹਿ ਸਕਦੇ ਹੋ। ਇਹੋ ਜਿਹੇ ਨਿਜੀ ਕਾਰਣਾ ਕਰਕੇ ਸਰਵਿਸ ਬਰਖ਼ਾਸਤ ਕਰਨ ਨੂੰ ਡਿਫ਼ਰਲ ਔਫ਼ ਜੂਅਰੀ ਸਰਵਿਸ (ਜੂਅਰੀ ਸਰਵਿਸ ਦੀ ਤਾਰੀਖ਼ ਅਗੇ ਪਾ ਦੇਣੀ) ਕਹਿੰਦੇ ਹਨ।

ਜਦੋਂ ਤੁਹਾਨੂੰ ਜੂਅਰੀ ਸਰਵਿਸ ਲਈ ਬੁਲਾਇਆ ਜਾਂਦਾ ਹੈ ਤਾਂ ਤੁਹਾਡੇ ਕੰਮ ਦੀਆਂ ਜ਼ਿੰਮੇਵਾਰੀਆਂ ਸ਼ਾਇਦ ਤੁਹਾਨੂੰ ਜੂਅਰੀ ਸਰਵਿਸ ਕਰਨ ਤੋਂ ਰੋਕ ਸਕਦੀਆਂ ਹਨ, ਪਰ ਤੁਸੀਂ ਅਗਾਂਹ ਦੀ ਤਾਰੀਖ਼ ਤੇ ਆਉਣ ਤੋਂ ਨਹੀਂ ਬਚ ਸਕਦੇ। ਜੇ ਤੁਹਾਡੀ ਜੂਅਰੀ ਸਰਵਿਸ ਅਗੇ ਕੀਤੀ ਗਈ ਹੈ ਤਾਂ ਤੁਹਾਨੂੰ ਸਾਲ ਦੇ ਵਿਚ ਉਹਨਾਂ ਤਾਰੀਖ਼ਾਂ ਦੀ ਤਸਦੀਕ ਕਰਨ ਲਈ ਕਿਹਾ ਜਾਵੇਗਾ ਜਿਹਨਾਂ ਤੇ ਤੁਸੀਂ ਹਾਜ਼ਰ ਨਹੀਂ ਹੋ ਸਕੋਗੇ ਤਾਂ ਕਿ ਕਿ ਤੁਹਾਨੂੰ ਇੱਕ ਨਵੀਂ ਤਾਰੀਖ਼ ਦਿੱਤੀ ਜਾਵੇ ਜੋ ਤੁਹਾਡੇ ਲਈ ਮੁਨਾਸਿਬ ਹੋਵੇ।

ਤੁਸੀਂ ਜੂਅਰੀ ਸਰਵਿਸ ਦੀ ਤਾਰੀਖ਼ ਅਗੇ ਪਾਉਣ ਲਈ ਸਮਨਜ਼ ਫ਼ੌਰਮ ਵਿਚ ਦਿੱਤੇ ਗਏ ਸੈਕਸ਼ਨ ਨੂੰ ਭਰ ਕੇ ਅਰਜ਼ੀ ਦੇ ਸਕਦੇ ਹੋ, ਜਿਸ ਨੂੰ ਡਿਫ਼ਰਲ ਐਂਡ ਐਕਸਕਿਊਜ਼ਲ ਕਿਹਾ ਜਾਂਦਾ ਹੈ। ਜਦੋਂ ਇਹ ਫ਼ੌਰਮ ਸਵੀਕਾਰ ਕੀਤਾ ਜਾਂਦਾ ਹੈ ਤਾਂ ਤੁਹਾਨੂੰ ਸਰਵਿਸ ਦੀ ਤਾਰੀਖ਼ ਅਗੇ ਕਰਨ ਦੀ ਤਸਦੀਕ ਕਰਨ ਲਈ ਇੱਕ ਚਿੱਠੀ ਭੇਜੀ ਜਾਵੇਗੀ, ਜਿਸ ਵਿਚ ਤੁਹਾਨੂੰ ਜੂਅਰੀ ਸਰਵਿਸ ਲਈ ਇੱਕ ਨਵੀਂ ਤਾਰੀਖ਼ ਦਿੱਤੀ ਹੋਵੇਗੀ। ਤੁਸੀਂ ਦੋ ਵਾਰੀ ਤਾਰੀਖ਼ ਅਗੇ ਨਹੀਂ ਪਾ ਸਕਦੇ ਅਤੇ ਤੁਹਾਨੂੰ ਇਸ ਦੂਸਰੇ ਮੌਕੇ ਤੇ ਲਾਜ਼ਮੀ ਹੀ ਜਾਣਾ ਪਵੇਗਾ।

ਤੁਸੀਂ ਜੂਅਰੀ ਸਰਵਿਸ ਬਾਰੇ ਵਧੇਰੇ ਜਾਣਕਾਰੀ www.direct.gov.uk ਤੇ ਜਾ ਕੇ ਹਾਸਲ ਕਰ ਸਕਦੇ ਹੋ।
http://www.direct.gov.uk/en/CrimeJusticeAndTheLaw/JuryService/DG_072707

Copyright © 2002-2007 Citizens Advice All rights reserved
Registered charity no: 279057 Company no: 1436945 England

## ਮੈਨੂੰ ਜੂਅਰੀ ਸਰਵਿਸ ਤੇ ਜਾਣ ਲਈ ਬੁਲਾਇਆ ਗਿਆ ਹੈ। ਅਤੀਤ ਵਿਚ ਮੈਨੂੰ ਡਰਾਇਵਿੰਗ ਵਿਚ ਕੀਤੇ ਗਏ ਅਪਰਾਧ ਲਈ ਕਸੂਰਵਾਰ ਠਹਿਰਾਇਆ ਗਿਆ ਸੀ। ਕੀ ਉਸ ਦਾ ਅਸਰ ਮੇਰੇ ਜੂਅਰੀ ਸਰਵਿਸ ਕਰਨੇ ਉੱਤੇ ਪਵੇਗਾ ?

ਜੇ ਤੁਹਾਡੇ ਤੇ ਮੁਜਰਿਮਾਨਾ ਇਲਜ਼ਾਮ ਲਗਾਇਆ ਗਿਆ ਹੋਵੇ ਤਾਂ ਇਸ ਦਾ ਮਤਲਬ ਇਹ ਹੋ ਸਕਦਾ ਹੈ ਕਿ ਸ਼ਾਇਦ ਤੁਹਾਨੂੰ ਜੂਅਰੀ ਸਰਵਿਸ ਕਰਨ ਦੀ ਇਜਾਜ਼ਤ ਨਾ ਦਿੱਤੀ ਜਾਵੇ। ਇਹ ਜ਼ਰੂਰੀ ਨਹੀਂ ਹੈ ਕਿ ਸਭ ਜੁਰਮ ਗਿਣੇ ਜਾਣ, ਪਰ ਜੇਲ੍ਹ ਜਾਣ ਦਾ ਅਰਸਾ, ਜੇਲ੍ਹ ਜਾਣ ਦੀ ਰੋਕੀ ਗਈ ਸਜ਼ਾ (ਸਸਪੈਂਡਿਡ ਸੈਂਨਟੈਨਸ) ਜਾਂ ਪ੍ਰੋਬੇਸ਼ਨ ਤੁਹਾਨੂੰ ਸ਼ਾਇਦ ਸ਼ਾਮਿਲ ਨਾ ਵੀ ਕੀਤਾ ਕਰੇ।

ਜਦੋਂ ਤੁਹਾਨੂੰ ਜੂਅਰੀ ਸਰਵਿਸ ਲਈ ਬੁਲਾਇਆ ਜਾਂਦਾ ਹੈ ਤਾਂ ਤੁਹਾਨੂੰ ਇੱਕ ਸਮਨਜ਼ ਫ਼ੌਰਮ ਭਰਨੇ ਲਈ ਕਿਹਾ ਜਾਵੇਗਾ ਅਤੇ ਇਸ ਵਿਚ ਕੀਤੇ ਜਾਣ ਵਾਲੇ ਜੁਰਮਾਂ ਦੀਆਂ ਕਿਸਮਾਂ ਦੀ ਸੂਚੀ ਦਿੱਤੀ ਹੋਵੇਗੀ, ਜਿਸ ਵਿਚ ਦੱਸਿਆ ਹੋਵੇਗਾ ਕਿ ਜੂਅਰੀ ਸਰਵਿਸ ਕਰਨ ਤੋਂ ਪਹਿਲਾਂ, ਕਿਹੜੀ ਕਿਸਮ ਦੇ ਜੁਰਮਾਂ ਬਾਰੇ ਦੱਸਿਆ ਜਾਣਾ ਚਾਹੀਦਾ ਹੈ। ਤੁਹਾਨੂੰ ਇਹ ਵੀ ਦੱਸਣਾ ਪਵੇਗਾ ਕਿ ਕੀ ਤੁਹਾਨੂੰ ਕਦੇ ਉਮਰ ਕੈਦ ਦਾ ਹੁਕਮ ਦਿੱਤਾ ਗਿਆ ਹੈ ਜਾਂ ਜੇਲ੍ਹ ਜਾਣ ਲਈ ਕਿਹਾ ਗਿਆ ਹੈ, ਜਾਂ ਪੰਜ ਸਾਲ ਤੋਂ ਵੱਧ ਵਕਤ ਲਈ ਯੂਥ ਕਸਟਡੀ ਵਿਚ ਰੱਖਿਆ ਗਿਆ ਹੈ। ਤੁਹਾਨੂੰ ਇਹ ਵੀ ਲਾਜ਼ਮੀ ਹੀ ਦੱਸਣਾ ਪਵੇਗਾ ਕਿ ਕੀ ਪਿੱਛਲੇ ਦੱਸ ਸਾਲਾਂ ਦੇ ਦੌਰਾਨ ਤੁਸੀਂ ਕਿੰਨੇ ਚਿਰ ਲਈ ਜੇਲ੍ਹ ਦੀ ਸਜ਼ਾ ਭੁਗਤੀ ਹੈ, ਯੂਥ ਕਸਟਡੀ ਵਿਚ ਰਹੇ ਹੋ ਜਾਂ ਡਿਟੈਂਨਸ਼ਨ ਮਿਲੀ ਹੈ ਜਾਂ ਸਜ਼ਾ ਨੂੰ ਰੋਕਣ ਦਾ ਹੁਕਮ ਮਿਲਿਆ ਹੈ ਜਾਂ ਕਮਿਊਨਿਟੀ ਸਰਵਿਸ ਦੇ ਹੁਕਮ ਦੇ ਅਧੀਨ ਰਹੇ ਹੋ। ਤੁਹਾਨੂੰ ਇਹ ਵੀ ਦੱਸਣਾ ਪਵੇਗਾ ਕਿ ਕੀ ਪਿੱਛਲੇ ਪੰਜ ਸਾਲਾਂ ਵਿਚ ਤੁਹਾਨੂੰ ਪ੍ਰੋਬੇਸ਼ਨ ਤੇ ਰੱਖਿਆ ਗਿਆ ਹੈ ਜਾਂ ਇਸ ਵੇਲੇ ਤੁਹਾਨੂੰ ਕ੍ਰਿਮੀਨਲ ਪ੍ਰੋਸੀਡਿੰਗਜ਼ ਵਿਚ ਬੇਲ ਤੇ ਛੱਡਿਆ ਗਿਆ ਹੈ।

ਤੁਸੀਂ ਜੂਅਰੀ ਸਰਵਿਸ ਬਾਰੇ ਵਧੇਰੇ ਜਾਣਕਾਰੀ www.direct.gov.uk ਤੇ ਜਾ ਕੇ ਹਾਸਲ ਕਰ ਸਕਦੇ ਹੋ।
http://www.direct.gov.uk/en/CrimeJusticeAndTheLaw/JuryService/DG_072707

Copyright © 2002-2007 Citizens Advice All rights reserved
Registered charity no: 279057 Company no: 1436945 England